# ਰਾਜ ਅਤੇ ਸਰਕਾਰ

# State

# &

# Government

# ਰਾਜ ਅਤੇ ਸਰਕਾਰ ਵਿੱਚ ਅੰਤਰ
# Difference between State and Government

ਰਾਜ ਅਤੇ ਸਰਕਾਰ ਦੇ ਸ਼ਬਦਾਂ ਨੂੰ ਕਈ ਵਾਰੀ ਇੱਕ–ਦੂਜੇ ਦੀ ਥਾਂ ਤੇ ਵਰਤ ਲਿਆ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਰਾਜੇ ਵੀ ਆਪਣੀਆਂ ਅਸੀਮਿਤ ਸ਼ਕਤੀਆਂ ਦਾ ਦਾਅਵਾ ਮਜ਼ਬੂਤ ਕਰ ਲਈ ਕਹਿੰਦੇ ਸਨ ਕਿ ਰਾਜ ਤੇ ਸਰਕਾਰ ਵਿੱਚ ਕੋਈ ਅੰਤਰ ਨਹੀਂ ਹੈ। ਫਰਾਂਸ ਦਾ ਬਾਦਸ਼ਾਹ ਲੂਈਸ ਚੌਦਵਾਂ (Louis XIV) ਅਕਸਰ ਕਿਹਾ ਕਰਦਾ ਸੀ, "ਮੈਂ ਰਾਜ ਹਾਂ" (I Am the State)। ਹਾੱਬਜ਼, ਲਾੱਸਕੀ ਅਤੇ ਕੋਲ ਵਰਗੇ ਵਿਚਾਰਕਾਂ ਦਾ ਵੀ ਇਹੀ ਮੰਨਣਾ ਹੈ ਕਿ ਰਾਜ ਅਤੇ ਸਰਕਾਰ ਵਿੱਚ ਬਹੁਤਾ ਅੰਤਰ ਨਹੀਂ ਹੈ। ਪ੍ਰੰਤੂ ਬਹੁਤੇ ਵਿਦਵਾਨ ਮੰਨਦੇ ਹਨ ਕਿ ਇਹ ਦੋਵੇਂ ਵੱਖੋ–ਵੱਖਰੀਆਂ ਸੰਸਥਾਵਾਂ ਹਨ।

# ਰਾਜ ਦਾ ਅਰਥ (Meaning of State)

‘ਰਾਜ’ ਦੀ ਪਰਿਭਾਸ਼ਾ ਦਿੰਦਿਆਂ ਪ੍ਰੋ. ਗਿਲਕ੍ਰਾਈਸਟ (Prof. Gilchrist) ਨੇ ਕਿਹਾ ਹੈ ਕਿ, “‘ਜਦੋਂ ਕੁੱਝ ਲੋਕ, ਇੱਕ ਨਿਸ਼ਚਿਤ ਖੇਤਰ ਵਿੱਚ, ਇੱਕ ਸਰਕਾਰ ਦੇ ਅਧੀਨ ਇਕੱਠੇ ਹੋਣ, ਜਿਹੜੀ ਕਿ ਅੰਦਰੂਨੀ ਮਾਮਲਿਆਂ ਵਿੱਚ ਉਹਨਾ ਦੀ ਪ੍ਰਭੂਸੱਤਾ ਦੇ ਪ੍ਰਗਟਾਵੇ ਦਾ ਸਾਧਨ ਹੋਵੇ, ਅਤੇ ਬਾਹਰੀ ਮਾਮਲਿਆਂ ਵਿੱਚ ਹੋਰਨਾ ਸਰਕਾਰਾਂ ਤੋਂ ਸੁਤੰਤਰ ਹੋਵੇ, ਤਾਂ ਉਹ ਰਾਜ ਹੁੰਦਾ ਹੈ”। ਇਸ ਤਰਾਂ ਰਾਜ ਦੀ ਇਸ ਪਰਿਭਾਸ਼ਾ ਅਨੁਸਾਰ ਰਾਜ ਦਾ ਨਿਰਮਾਣ ਉਦੋਂ ਹੁੰਦਾ ਹੈ, ਜਦੋਂ ਆਬਾਦੀ, ਨਿਸ਼ਚਿਤ ਖੇਤਰ, ਸਰਕਾਰ ਅਤੇ ਪ੍ਰਭੂਸੱਤਾ (ਅੰਦਰੂਨੀ ਅਤੇ ਬਾਹਰੀ) ਦੇ ਤੱਤ ਮੌਜੂਦ ਹੋਣ।

# ਸਰਕਾਰ ਦਾ ਅਰਥ (Meaning of Government)

- ਪ੍ਰੋ. ਗਿਲਕ੍ਰਾਈਸਟ ਦੁਆਰਾ ਦਿੱਤੀ ਰਾਜ ਦੀ ਪਰਿਭਾਸ਼ਾ ਤੋਂ ਹੀ ਇਹ ਸਪੱਸ਼ਟ ਹੈ ਕਿ ਸਰਕਾਰ ਰਾਜ ਦੇ ਚਾਰ ਜਰੂਰੀ ਤੱਤਾਂ ਵਿੱਚੋਂ ਸਿਰਫ਼ ਇੱਕ ਤੱਤ ਹੈ, ਤੇ ਇਹ ਰਾਜ ਦੇ ਸਮਾਨਾਰਥਕ ਨਹੀਂ ਹੈ। ਸਰਕਾਰ ਦੀ ਪਰਿਭਾਸ਼ਾ ਦਿੰਦਿਆਂ ਡਾ. ਗਾਰਨਰ (Dr. Garner) ਨੇ ਕਿਹਾ ਹੈ ਕਿ, "ਸਰਕਾਰ ਉਸ ਸੰਗਠਨ ਦਾ ਨਾਂ ਹੈ, ਜਿਸ ਦੁਆਰਾ ਰਾਜ ਆਪਣੀ ਇੱਛਾ ਨੂੰ ਵਿਉਂਤਦਾ, ਪ੍ਰਗਟਾਉਂਦਾ ਅਤੇ ਲਾਗੂ ਕਰਦਾ ਹੈ"।

ਇਸ ਤਰਾਂ ਡਾ. ਗਾਰਨਰ ਦੁਆਰਾ ਦਿੱਤੀ ਸਰਕਾਰ ਦੀ ਪਰਿਭਾਸ਼ਾ ਵੀ ਪ੍ਰੋ. ਗਿਲਕ੍ਰਾਈਸਟ ਦੁਆਰਾ ਦਿੱਤੀ ਰਾਜ ਦੀ ਪਰਿਭਾਸ਼ਾ ਵਿੱਚ ਦਿੱਤੇ ਇਸ ਵਿਚਾਰ ਦੀ ਪੁਸ਼ਟੀ ਕਰਦੀ ਹੈ ਕਿ ਰਾਜ ਅਤੇ ਸਰਕਾਰ ਦੋ ਵੱਖੋ-ਵੱਖਰੀਆਂ ਸੰਸਥਾਵਾਂ ਹਨ।

## 1). ਸਰਕਾਰ ਰਾਜ ਦਾ ਇੱਕ ਤੱਤ ਹੈ
## (Government is an Element of the State)

ਸਰਕਾਰ ਰਾਜ ਦੇ ਚਾਰ ਜਰੂਰੀ ਤੱਤਾਂ ਵਿੱਚੋਂ ਸਿਰਫ਼ ਇੱਕ ਜਰੂਰੀ ਤੱਤ ਹੈ। ਭਾਵੇਂ ਸਰਕਾਰ ਤੋਂ ਬਿਨਾ ਰਾਜ ਦੀ ਹੋਂਦ ਸੰਭਵ ਨਹੀਂ ਹੈ। ਜੇਕਰ ਇਹਨਾਂ ਦੋਵਾਂ ਦੀ ਤੁਲਨਾ ਆਂਗਿਕ ਸਿਧਾਂਤ ਅਨੁਸਾਰ ਕੀਤੀ ਜਾਂਦੀ ਹੈ, ਤਾਂ ਰਾਜ ਪਹਿਲਾਂ ਆਉਂਦਾ ਹੈ, ਤੇ ਸਰਕਾਰ ਬਾਅਦ ਵਿੱਚ, ਕਿਉਂਕਿ ਪੂਰਾ ਸਰੀਰ ਕਿਸੇ ਵੀ ਅੰਗ ਤੋਂ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ। ਇਸ ਲਈ ਰਾਜ ਹਮੇਸ਼ਾਂ ਸਰਕਾਰ ਤੋਂ ਵਧੇਰੇ ਮਹੱਤਵਪੂਰਨ ਹੁੰਦਾ ਹੈ।

# 2). ਰਾਜ ਨਿਰਾਕਾਰ ਹੈ, ਜਦਕਿ ਸਰਕਾਰ ਸਾਕਾਰ ਹੈ
# (State is abstract, while Govt. is Concrete)

ਰਾਜ ਦਾ ਸਰੂਪ ਨਿਰਾਕਾਰ ਕਿਸਮ ਦਾ ਹੁੰਦਾ ਹੈ। ਇਸਨੂੰ ਵੇਖਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਹ ਕੋਈ ਕੰਮ ਕਰਦਾ ਹੈ। ਇਹ ਕਾਨੂੰਨ ਦਾ ਇੱਕ ਵਿਚਾਰ ਜਾਂ ਸਿਧਾਂਤ ਹੈ। ਪ੍ਰੰਤੂ ਸਰਕਾਰ ਦਾ ਸਰੂਪ ਸਾਕਾਰ ਕਿਸਮ ਦਾ ਹੁੰਦਾ ਹੈ। ਇਸਨੂੰ ਵੇਖਿਆ ਜਾ ਸਕਦਾ ਹੈ, ਤੇ ਇਹ ਕੰਮ ਕਰਦੀ ਹੈ। ਰਾਜ ਦੀ ਇੱਛਾ ਨੂੰ ਸਾਕਾਰ ਰੂਪ ਸਰਕਾਰ ਦੁਆਰਾ ਹੀ ਦਿੱਤਾ ਜਾਂਦਾ ਹੈ। ਸਰਕਾਰ ਦੀਆਂ ਸੰਸਥਾਵਾਂ ਹੁੰਦੀਆਂ ਹਨ ਜਿਹੜੀਆਂ ਰਾਜ ਦੀ ਸਾਰੀ ਵੱਸੋਂ ਲਈ ਕਾਨੂੰਨ ਬਣਾਉਣ ਦਾ ਕੰਮ ਕਰਦੀਆਂ ਹਨ ਅਤੇ ਰਾਜ ਦੇ ਲੋਕਾਂ ਦੀ ਸੁਰੱਖਿਆ ਲਈ ਜਿੰਮੇਵਾਰ ਹੁੰਦੀਆਂ ਹਨ।

# ਸਾਕਾਰ ਅਤੇ ਨਿਰਕਾਰ



Concrete Nouns
are words for things
that you can experience
directly through the senses.
house
shoe
table
tree
friend
cat
bottle
airplane
sky
door
baby
Abstract Nouns
are words for things
that you cannot experience
directly through the senses.
freedom
love
education
democracy
happiness

# 3). ਪ੍ਰਭੂਸੱਤਾ ਸੰਬੰਧੀ ਅੰਤਰ
# (Difference regarding Sovereignty)

ਪ੍ਰਭੂਸੱਤਾ ਰਾਜ ਦਾ ਇੱਕ ਜਰੂਰੀ ਤੱਤ ਹੈ ਤੇ ਇਸਤੋਂ ਬਿਨਾ ਰਾਜ ਦੀ ਹੋਂਦ ਸੰਭਵ ਨਹੀਂ ਹੈ। ਰਾਜ ਆਪਣੇ ਅੰਦਰੂਨੀ ਖੇਤਰ ਵਿੱਚ ਸਾਰੀਆਂ ਸੰਸਥਾਵਾਂ ਤੋਂ ਉੱਪਰ ਹੁੰਦਾ ਹੈ ਅਤੇ ਬਾਹਰੀ ਸੰਸਥਾਵਾਂ ਤੋਂ ਸੁਤੰਤਰ ਹੁੰਦਾ ਹੈ। ਜੇਕਰ ਅਜਿਹਾ ਨਹੀਂ ਹੈ ਤਾਂ ਅਸੀਂ ਕਿਸੇ ਸਮੂਹ ਨੂੰ ਰਾਜ ਨਹੀਂ ਕਹਿ ਸਕਦੇ। ਪ੍ਰੰਤੂ ਸਰਕਾਰ ਕੋਲ਼ ਪ੍ਰਭੂਸੱਤਾ ਨਹੀਂ ਹੁੰਦੀ। ਸਰਕਾਰ ਦੇ ਵੱਖ-ਵੱਖ ਅੰਗਾਂ ਕੋਲ਼ ਸ਼ਕਤੀ ਹੁੰਦੀ ਹੈ, ਜਿਹੜੀ ਕਿ ਕਿਸੇ ਨਾ ਕਿਸੇ ਸੀਮਾ ਵਿੱਚ ਹੁੰਦੀ ਹੈ। ਸਰਕਾਰ ਦੇ ਸਾਰੇ ਅੰਗ ਆਪਣੇ ਦੁਆਰਾ ਵਰਤੀ ਗਈ ਸ਼ਕਤੀ ਲਈ ਜਿੰਮੇਵਾਰ ਹੁੰਦੇ ਹਨ। ਜੇਕਰ ਕੋਈ ਸਰਕਾਰ ਆਪਣੀ ਸ਼ਕਤੀ ਦੀ ਵਰਤੋਂ ਗੈਰ-ਜਿੰਮੇਵਾਰਾਨਾ ਤਰੀਕੇ ਨਾ਼ਲ ਕਰਦੀ ਹੈ ਤਾਂ ਅਜਿਹੀ ਸਰਕਾਰ ਦੀ ਉੱਚਿਤਤਾ ਖਤਮ ਹੋ ਜਾਂਦੀ ਹੈ।

# 4). ਰਾਜ ਸੁਆਮੀ ਹੈ, ਸਰਕਾਰ ਉਸਦੀ ਪ੍ਰਤੀਨਿਧ
# (State is Master, Govt. is its Representative)

ਰਾਜ ਸਾਰੀਆਂ ਸ਼ਕਤੀਆਂ ਦਾ ਸੁਆਮੀ ਹੁੰਦਾ ਹੈ। ਪ੍ਰੰਤੂ ਜਿਵੇਂ ਕਿ ਅਸੀਂ ਪਿੱਛੇ ਪੜ੍ਹਿਆ ਹੈ ਕਿ ਰਾਜ ਦਾ ਸਰੂਪ ਨਿਰਾਕਾਰ ਕਿਸਮ ਦਾ ਹੁੰਦਾ ਹੈ, ਇਸ ਲਈ ਇਹ ਆਪਣੀਆਂ ਸ਼ਕਤੀਆਂ ਦੀ ਵਰਤੋਂ ਆਪ ਨਹੀਂ ਕਰ ਸਕਦਾ। ਸਰਕਾਰ ਦਾ ਸਰੂਪ ਭੌਤਿਕ ਕਿਸਮ ਦਾ ਹੁੰਦਾ ਹੈ, ਅਤੇ ਰਾਜ ਦੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਸਰਕਾਰ ਦੁਆਰਾ ਰਾਜ ਦੇ ਪ੍ਰਤੀਨਿਧੀ ਦੇ ਤੌਰ ਤੇ ਕੀਤੀ ਜਾਂਦੀ ਹੈ। ਜਿਵੇਂ ਕਿ ਭਾਰਤ ਦੀ ਸਰਕਾਰ ਦੁਆਰਾ ਅਮਰੀਕਾ ਦੀ ਸਰਕਾਰ ਨਾਲ਼ ਕੀਤਾ ਪ੍ਰਮਾਣੂ ਸਮਝੌਤਾ ਸਿਰਫ਼ ਦੋ ਸਰਕਾਰਾਂ ਦਾ ਹੀ ਸਮਝੌਤਾ ਨਹੀਂ ਹੈ, ਇਹ ਭਾਰਤ ਦਾ ਅਮਰੀਕਾ (ਦੋ ਰਾਜਾਂ ਵਿਚਕਾਰ) ਸਮਝੌਤਾ ਹੈ। ਇਸੇ ਕਰਕੇ ਇਹ ਸਮਝੌਤਾ ਭਾਰਤ ਵਿੱਚ ਡਾ. ਮਨਮੋਹਨ ਸਿੰਘ ਦੀ ਸਰਕਾਰ ਅਤੇ ਅਮਰੀਕਾ ਵਿੱਚ ਬਿੱਲ ਕਲਿੰਟਨ ਦੀ ਸਰਕਾਰ ਦੇ ਬਦਲ ਜਾਣ ਤੋਂ ਬਾਅਦ ਵੀ ਜਿਉਂ ਦਾ ਤਿਉਂ ਕਾਇਮ ਹੈ।

## 5). ਰਾਜ ਸਥਾਈ ਹੁੰਦਾ ਹੈ, ਸਰਕਾਰ ਅਸਥਾਈ
## (State is permanent, Govt is non permanent)

ਰਾਜ ਸਥਾਈ ਹੁੰਦਾ ਹੈ। ਰਾਜ ਦੇ ਸਮਾਪਤ ਹੋਣ, ਰਾਜ ਦੇ ਬਦਲਣ, ਅਤੇ ਰਾਜ ਦੇ ਜਨਮ ਹੋਣ ਦੀਆਂ ਘਟਨਾਵਾਂ ਬਹੁਤ ਘੱਟ ਵਾਪਰਦੀਆਂ ਹਨ। ਦੂਜੇ ਪਾਸੇ ਸਰਕਾਰ ਦਾ ਸਰੂਪ ਅਸਥਾਈ ਕਿਸਮ ਦਾ ਹੁੰਦਾ ਹੈ। ਸਰਕਾਰਾਂ ਸਮੇਂ-ਸਮੇਂ ਤੇ ਬਦਲਦੀਆਂ ਰਹਿੰਦੀਆਂ ਹਨ। ਲੋਕਤੰਤਰ ਵਿੱਚ ਸਰਕਾਰ ਦਾ ਕਾਰਜਕਾਲ ਨਿਸ਼ਚਿਤ ਹੁੰਦਾ ਹੈ, ਅਤੇ ਉਸ ਨਿਸ਼ਚਿਤ ਮਿਆਦ ਤੋਂ ਬਾਅਦ ਚੋਣਾਂ ਕਰਵਾਈਆਂ ਜਾਂਦੀਆਂ ਹਨ, ਜਿਸ ਵਿੱਚ ਲੋਕਾਂ ਦੁਆਰਾ ਨਵੀਂ ਸਰਕਾਰ ਦੀ ਚੋਣ ਕੀਤੀ ਜਾਂਦੀ ਹੈ। ਰਾਜਤੰਤਰ ਅਤੇ ਤਾਨਾਸ਼ਾਹੀ ਸਰਕਾਰਾਂ ਆਮ ਕਰਕੇ ਕ੍ਰਾਂਤੀਆਂ ਜਾਂ ਘਰੇਲੂ ਯੁੱਧਾਂ ਦੇ ਨਤੀਜੇ ਵਜੋਂ ਬਦਲਦੀਆਂ ਰਹਿੰਦੀਆਂ ਹਨ। ਇਸ ਤਰਾਂ ਹਰ ਕਿਸਮ ਦੀ ਸਰਕਾਰ ਅਸਥਾਈ ਹੁੰਦੀ ਹੈ, ਤੇ ਰਾਜ ਲਗਭਗ ਸਥਾਈ ਕਿਸਮ ਦਾ ਹੁੰਦਾ ਹੈ।

## 6). ਰਾਜ ਦੀ ਮੈਂਬਰੀ ਜਰੂਰੀ ਹੁੰਦੀ ਹੈ, ਸਰਕਾਰ ਦੀ ਨਹੀਂ
## (Membership of State is compulsory, not of Govt.)

ਰਾਜ ਦੀ ਮੈਂਬਰੀ ਜਰੂਰੀ ਹੁੰਦੀ ਹੈ, ਤੇ ਇਹ ਛੱਡੀ ਨਹੀਂ ਜਾ ਸਕਦੀ, ਇਸੇ ਲਈ ਇਹ ਬਹੁਤ ਵਿਸ਼ਾਲ ਹੁੰਦੀ ਹੈ। ਰਾਜ ਦੇ ਖੇਤਰ ਵਿੱਚ ਰਹਿਣ ਵਾਲ਼ੇ ਲਗਭਗ ਸਾਰੇ ਲੋਕ, ਅਤੇ ਕਈ ਉਸ ਖੇਤਰ ਤੋਂ ਬਾਹਰ ਰਹਿਣ ਵਾਲ਼ੇ ਲੋਕ ਵੀ ਰਾਜ ਦੇ ਮੈਂਬਰ ਹੁੰਦੇ ਹਨ। ਸਰਕਾਰ ਦੀ ਮੈਂਬਰੀ ਇੱਛੁਕ ਹੁੰਦੀ ਹੈ। ਇਸਦੀ ਮੈਂਬਰੀ ਪ੍ਰਾਪਤ ਕਰਨ ਲਈ ਤਾਂ ਰਾਜਨੀਤੀਵਾਨਾ ਦੁਆਰਾ ਸਿਰਤੋੜ ਯਤਨ ਕੀਤੇ ਜਾਂਦੇ ਹਨ। ਰਾਜਨੀਤੀਵਾਨਾ ਦਾ ਜਿਹੜਾ ਵਰਗ ਸਰਕਾਰ ਬਣਾਉਣ ਵਿੱਚ ਸਫਲ ਹੋ ਜਾਂਦਾ ਹੈ, ਉਸ ਵਰਗ ਵਿੱਚੋਂ ਵੀ ਕੋਈ ਵੀ ਵਿਅਕਤੀ ਜਦੋਂ ਚਾਹੇ ਸਰਕਾਰ ਦੀ ਮੈਂਬਰੀ ਛੱਡ ਸਕਦਾ ਹੈ। ਅਸੀਂ ਵੇਖਦੇ ਹਾਂ ਕਿ ਜਿਹੜਾ ਮੰਤਰੀ ਸਰਕਾਰ ਦੀਆਂ ਨੀਤੀਆਂ ਨਾਲ਼ ਸਹਿਮਤ ਨਾ ਹੋਵੇ ਉਹ ਅਸਤੀਫਾ ਦੇ ਕੇ ਸਰਕਾਰ ਦੀ ਮੈਂਬਰੀ ਛੱਡ ਦਿੰਦਾ ਹੈ।

# 7). ਸਰਕਾਰ ਦਾ ਵਿਰੋਧ ਕੀਤਾ ਜਾ ਸਕਦਾ ਹੈ, ਰਾਜ ਦਾ ਨਹੀਂ
# (The Govt. can be opposed, but not The State)

ਜੇਕਰ ਕੋਈ ਨਾਗਰਿਕ ਜਾਂ ਨਾਗਰਿਕਾਂ ਦਾ ਕੋਈ ਵਰਗ ਸਰਕਾਰ ਦੀਆਂ ਨੀਤੀਆਂ ਤੋਂ ਸੰਤੁਸ਼ਟ ਨਾ ਹੋਵੇ ਤਾਂ ਉਹ ਸਰਕਾਰ ਦਾ ਵਿਰੋਧ ਕਰ ਸਕਦਾ ਹੈ। ਲੋਕਤੰਤਰੀ ਪ੍ਰਣਾਲ਼ੀ ਵਿੱਚ ਤਾਂ ਲੋਕਾਂ ਦੁਆਰਾ ਖੁੱਲ੍ਹ ਕੇ ਅਖਬਾਰਾਂ, ਰਸਾਲਿਆਂ ਤੇ ਬਿਜਲਈ ਸੰਚਾਰ ਸਾਧਨਾਂ ਦੁਆਰਾ ਸਰਕਾਰ ਦਾ ਵਿਰੋਧ ਕੀਤਾ ਜਾਂਦਾ ਹੈ। ਸਰਕਾਰ ਦਾ ਵਿਰੋਧ ਕਰ ਸਕਣਾ ਨਾਗਰਿਕਾਂ ਦਾ ਇੱਕ ਬਹੁਤ ਹੀ ਮਹੱਤਵਪੂਰਨ ਰਾਜਨੀਤਿਕ ਅਧਿਕਾਰ ਮੰਨਿਆਂ ਜਾਂਦਾ ਹੈ। ਪ੍ਰੰਤੂ ਰਾਜ ਦਾ ਵਿਰੋਧ ਕਰਨ ਦਾ ਅਧਿਕਾਰ ਕਿਸੇ ਨੂੰ ਨਹੀਂ ਹੁੰਦਾ ਕਿਉਂਕਿ ਰਾਜ ਦੀਆਂ ਸ਼ਕਤੀਆਂ ਦੀ ਵਰਤੋਂ ਸਰਕਾਰ ਕਰ ਰਹੀ ਹੁੰਦੀ ਹੈ, ਰਾਜ ਆਪ ਨਹੀਂ। ਜੇਕਰ ਕੋਈ ਵਿਅਕਤੀ ਰਾਜ ਦਾ ਵਿਰੋਧ ਕਰਦਾ ਹੈ, ਤਾਂ ਉਸਨੂੰ 'ਗਦਾਰ' ਤੇ 'ਦੇਸ਼-ਧਰੋਹੀ' ਆਦਿ ਕਿਹਾ ਜਾਂਦਾ ਹੈ। ਅਜਿਹੇ ਵਿਅਕਤੀ ਨੂੰ ਜਨਤਕ ਵਿਰੋਧ ਦੇ ਨਾਲ਼-ਨਾਲ਼ ਸਖਤ ਸਜ਼ਾਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

## 8). ਰਾਜ ਇੱਕ ਹੀ ਕਿਸਮ ਦਾ ਹੁੰਦਾ ਹੈ, ਜਦਕਿ ਸਰਕਾਰ ਦੀਆਂ ਕਈ ਕਿਸਮਾਂ ਹਨ (State is Uniform, while the Govt has many types)

ਰਾਜ ਇੱਕ ਹੀ ਕਿਸਮ ਦਾ ਹੁੰਦਾ ਹੈ। ਜਿਸ ਸੰਸਥਾ ਕੋ਼ਲ ਆਬਾਦੀ, ਨਿਸ਼ਚਿਤ ਖੇਤਰ, ਸਰਕਾਰ, ਤੇ ਪ੍ਰਭੂਸੱਤਾ ਦੇ ਤੱਤ ਹੋਣ ਉਹ ਰਾਜ ਬਣ ਜਾਂਦੀ ਹੈ। ਰਾਜ ਦੀ ਅੱਗੇ ਕੋਈ ਕਿਸਮ ਨਹੀਂ ਹੁੰਦੀ। ਦੂਜੇ ਪਾਸੇ ਸਰਕਾਰਾਂ ਦੇ ਸਾਨੂੰ ਅਨੇਕਾਂ ਨਮੂਨੇ ਮਿਲਦੇ ਹਨ। ਕਿਤੇ ਰਾਜਤੰਤਰ ਹੈ, ਕਿਤੇ ਤਾਨਾਸ਼ਾਹੀ ਹੈ, ਅਤੇ ਕਿਤੇ ਲੋਕਤੰਤਰ ਹੈ। ਤਾਨਾਸ਼ਾਹੀ ਅਤੇ ਲੋਕਤੰਤਰ ਦੀਆਂ ਫਿਰ ਅੱਗੇ ਅਨੇਕਾਂ ਕਿਸਮਾਂ ਹਨ। ਜਿਵੇਂ ਭਾਰਤ ਅਤੇ ਇੰਗਲੈਂਡ ਵਿੱਚ ਲੋਕਤੰਤਰ ਦੀ ਸੰਸਦੀ ਪ੍ਰਣਾਲ਼ੀ ਦੀ ਸਰਕਾਰ ਹੈ, ਤੇ ਸੰਯੁਕਤ ਰਾਜ ਅਮਰੀਕਾ ਵਿੱਚ ਲੋਕਤੰਤਰ ਦੀ ਹੀ ਪ੍ਰਧਾਨਗੀ ਪ੍ਰਣਾਲ਼ੀ ਦੀ ਸਰਕਾਰ ਹੈ।

# 3). ਸਰਕਾਰ (ਕਿਸਮਾਂ)
# (Government- Types)



## 9). ਰਾਜ ਲਈ ਨਿਸ਼ਚਿਤ ਭੂਮੀ ਜਰੂਰੀ ਹੈ, ਪਰ ਸਰਕਾਰ ਲਈ ਨਹੀਂ
## (Fixed Territory is essential for the State, but not for the Govt.)

ਨਿਸ਼ਚਿਤ ਭੂਮੀ ਤੋਂ ਬਿਨਾ ਰਾਜ ਦੀ ਹੋਂਦ ਸੰਭਵ ਨਹੀਂ ਹੈ ਕਿਉਂਕਿ ਰਾਜ ਦੇ ਚਾਰ ਜਰੂਰੀ ਤੱਤਾਂ ਵਿੱਚੋਂ ਨਿਸ਼ਚਿਤ ਭੂਮੀ ਵੀ ਇੱਕ ਹੈ। ਪ੍ਰੰਤੂ ਸਰਕਾਰ ਕਈ ਵਾਰੀ ਨਿਸ਼ਚਿਤ ਭੂਮੀ ਤੋਂ ਬਿਨਾ ਵੀ ਹੋਂਦ ਵਿੱਚ ਆ ਜਾਂਦੀ ਹੈ। ਕਈ ਵਾਰੀ ਜਦੋਂ ਕਿਸੇ ਦੇਸ਼ ਤੇ ਕੋਈ ਵਿਦੇਸ਼ੀ ਸ਼ਕਤੀ ਆਪਣਾ ਕਬਜ਼ਾ ਜਮਾ ਲਏ ਤਾਂ ਉਸ ਦੇਸ਼ ਦੀ ਸਰਕਾਰ 'ਦੇਸ਼ ਨਿਕਾਲ਼ੇ ਵਾਲ਼ੀ ਸਰਕਾਰ' (Govt-in-exile) ਦੇ ਤੌਰ ਤੇ ਕੰਮ ਕਰਦੀ ਹੈ ਰਹਿੰਦੀ ਹੈ। ਫਿਰ ਜਦੋਂ ਇਹ ਸਰਕਾਰ ਅਤੇ ਉਸ ਦੇਸ਼ ਦੇ ਲੋਕ ਹਮਲਾਵਰ ਰਾਜ ਤੋਂ ਆਜ਼ਾਦੀ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦੇ ਹਨ, ਤਾਂ ਇਹ ਸਰਕਾਰ ਫਿਰ ਤੋਂ ਆਪਣੇ ਦੇਸ਼ ਵਿੱਚ ਆ ਕੇ ਸ਼ਾਸਨ ਦਾ ਕੰਮ ਸੰਭਾਲ ਲੈਂਦੀ ਹੈ, ਤੇ ਉਹ ਦੇਸ਼ ਫਿਰ ਤੋਂ 'ਰਾਜ' ਬਣ ਜਾਂਦਾ ਹੈ। ਇਸ ਤਰਾਂ ਦੀਆਂ ਅਨੇਕਾਂ ਘਟਨਾਵਾਂ ਸਾਨੂੰ ਇਤਿਹਾਸ ਵਿੱਚ ਮਿਲ਼ਦੀਆਂ ਹਨ।

## 10). ਰਾਜ ਵਿੱਚ ਸਾਰੀ ਵੱਸੋਂ ਸ਼ਾਮਿਲ ਹੁੰਦੀ ਹੈ, ਪ੍ਰੰਤੂ ਸਰਕਾਰ ਵਿੱਚ ਨਹੀਂ (State includes the whole population, but the Govt does not)

ਰਾਜ ਵਿੱਚ ਆਪਣੇ ਖੇਤਰ ਦੀ ਸਾਰੀ ਆਬਾਦੀ ਸ਼ਾਮਿਲ ਹੁੰਦੀ ਹੈ, ਇਸੇ ਕਰਕੇ ਰਾਜ ਦੀ ਮੈਂਬਰੀ ਵਿਸ਼ਾਲ ਪੱਧਰ ਤੇ ਹੁੰਦੀ ਹੈ। ਆਧੁਨਿਕ ਰਾਸ਼ਟਰੀ ਰਾਜਾਂ ਵਿੱਚੋਂ ਤਾਂ ਬਹੁਤਿਆਂ ਦੀ ਆਬਾਦੀ ਕਰੋੜਾਂ ਵਿੱਚ ਤੇ ਕਈਆਂ ਦੀ ਤਾਂ ਅਰਬਾਂ ਤੱਕ ਵੀ ਹੁੰਦੀ ਹੈ। ਪ੍ਰੰਤੂ ਸਰਕਾਰ ਦੀ ਮੈਂਬਰੀ ਬੜੀ ਸੀਮਿਤ ਜਿਹੀ ਹੁੰਦੀ ਹੈ। ਸਰਕਾਰ ਦੀ ਕਿਸਮ ਅਨੁਸਾਰ ਇਸ ਵਿੱਚ ਕੁੱਝ ਕੁ ਲੋਕ ਹੀ ਸ਼ਾਮਿਲ ਹੁੰਦੇ ਹਨ।

# ਸਿੱਟਾ (Conclusion)

ਰਾਜ ਅਤੇ ਸਰਕਾਰ ਦੋ ਅਲੱਗ-ਅਲੱਗ ਸੰਸਥਾਵਾਂ ਹਨ। ਰਾਜ ਇੱਕ ਲਗਭਗ ਸਥਾਈ ਸੰਸਥਾ ਹੁੰਦੀ ਹੈ, ਜਿਸਦੀ ਉਮਰ ਸਦੀਆਂ ਵਿੱਚ ਹੁੰਦੀ ਹੈ। ਕਿਸੇ ਰਾਜ ਦਾ ਜਨਮ ਹੋਣ ਜਾਂ ਕਿਸੇ ਰਾਜ ਦੇ ਸਮਾਪਤ ਹੋਣ ਦੀ ਘਟਨਾ ਪੂਰੀ ਦੁਨੀਆਂ ਵਿੱਚ ਵੀ ਕਦੇ-ਕਦਾਈਂ ਹੀ ਵਾਪਰਦੀ ਹੈ। ਸਰਕਾਰ ਰਾਜ ਦੀ ਸਿਰਫ਼ ਇੱਕ ਪ੍ਰਬੰਧਕੀ ਕਮੇਟੀ ਵਾਂਗ ਹੁੰਦੀ ਹੈ। ਸਰਕਾਰ ਦੀ ਉਮਰ ਆਮ ਤੌਰ ਤੇ ਕੁੱਝ ਕੁ ਸਾਲਾਂ ਤੱਕ ਹੀ ਹੁੰਦੀ ਹੈ। ਲੋਕਤੰਤਰ ਵਿੱਚ ਤਾਂ ਇਸਦੀ ਉਮਰ ਨਿਸ਼ਚਿਤ ਹੁੰਦੀ ਹੈ, ਤੇ ਇਸਨੂੰ ਬਦਲਣ ਦਾ ਤਰੀਕਾ ਵੀ ਨਿਸ਼ਚਿਤ ਹੁੰਦਾ ਹੈ। ਸ਼ਕਤੀਆਂ ਦੀ ਵਰਤੋਂ ਸਰਕਾਰ ਦੁਆਰਾ ਕੀਤੀ ਜਾਂਦੀ ਹੈ, ਪ੍ਰੰਤੂ ਆਪਣੀ ਮਰਜ਼ੀ ਅਨੁਸਾਰ ਨਹੀਂ। ਜੇਕਰ ਕਿਸੇ ਰਾਜ ਦੀ ਸਰਕਾਰ ਆਪਣੇ ਰਾਜ ਦੇ ਹਿੱਤਾਂ ਨੂੰ ਅੱਖੋਂ ਪਰੋਖੇ ਕਰਕੇ ਫੈਸਲੇ ਲੈਂਦੀ ਹੈ ਤਾਂ ਉਸਨੂੰ ਰਾਜ ਦੇ ਲੋਕਾਂ ਦੇ ਜਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ।




ਪ੍ਰੋ. ਜੋਗਿੰਦਰ ਸਿੰਘ ਖਟੜਾ

ਰਾਜਨੀਤੀ ਸ਼ਾਸਤਰ ਵਿਭਾਗ

ਅਕਾਲ ਡਿਗਰੀ ਕਾਲਜ ਮਸਤੂਆਣਾ